# ਬੀ.ਸੀ. ਵਿੱਚ ਫਾਰਮੇਸੀ ਸੇਵਾਵਾਂ

ਆਖਰੀ ਵਾਰੀ ਅੱਪਡੇਟ ਕੀਤਾ ਗਿਆ: **13 ਜੂਨ, 2024**

ਫਾਰਮਾਸਿਸਟ ਤੁਹਾਡੀ ਸਿਹਤ ਸੰਭਾਲ ਟੀਮ ਦਾ ਇੱਕ ਮਹੱਤਵਪੂਰਨ ਹਿੱਸਾ ਹਨ ਅਤੇ ਕਈ ਤਰ੍ਹਾਂ ਦੀਆਂ ਸੇਵਾਵਾਂ ਪੇਸ਼ ਕਰਦੇ ਹਨ। ਜੂਨ 2023 ਤੋਂ ਹੁਣ ਤੱਕ 409,000 ਤੋਂ ਵੱਧ ਲੋਕਾਂ ਦਾ ਮਾਮੂਲੀ ਬਿਮਾਰੀਆਂ ਲਈ ਇਲਾਜ ਕੀਤਾ ਗਿਆ ਹੈ ਜਾਂ ਉਨ੍ਹਾਂ ਨੇ ਫਾਰਮਾਸਿਸਟਾਂ ਤੋਂ ਮੁਫਤ ਗਰਭ ਨਿਰੋਧਕ ਪ੍ਰਾਪਤ ਕੀਤੇ ਹਨ। ਹੋਰ ਜਾਣਕਾਰੀ ਲਈ ਅਪੌਇੰਟਮੈਂਟ ਬੁੱਕ ਕਰੋ ਜਾਂ ਕਿਸੇ ਫਾਰਮੇਸੀ ਵਿੱਚ ਵਾਕ-ਇਨ ਕਰੋ।

## ਫਾਰਮਾਸਿਸਟ ਤੁਹਾਡੀ ਕਿਵੇਂ ਮਦਦ ਕਰ ਸਕਦੇ ਹਨ

ਫਾਰਮਾਸਿਸਟ ਤੁਹਾਡੀ ਸਿਹਤ ਸੰਭਾਲ ਟੀਮ ਦਾ ਇੱਕ ਮਹੱਤਵਪੂਰਨ ਹਿੱਸਾ ਹਨ। ਉਹ ਇਹ ਕਰਨ ਦੇ ਯੋਗ ਹਨ:

- 21ਮਾਮੂਲੀ ਬਿਮਾਰੀਆਂ ਲਈ ਮੁਲਾਂਕਣ ਕਰਨਾ ਅਤੇ ਦਵਾਈਆਂ ਨਿਰਧਾਰਿਤ ਕਰਨਾ
- ਗਰਭ ਨਿਰੋਧਕ ਤਜਵੀਜ਼ ਕਰਨਾ (ਜਨਮ ਨਿਯੰਤ੍ਰਣ)
- ਆਪਣੀਆਂ ਪ੍ਰਿਸਕ੍ਰਿਪਸ਼ਨਾਂ ਨੂੰ ਰੀਨਿਊ ਕਰੋ ਜਾਂ ਬਦਲੋ
- ਟੀਕੇ ਦੁਆਰਾ ਵੈਕਸੀਨਾਂ ਅਤੇ ਹੋਰ ਦਵਾਈਆਂ ਦੇਣਾ

ਜ਼ਿਆਦਾਤਰ ਫਾਰਮੇਸੀ ਸੇਵਾਵਾਂ ਮੁਫ਼ਤ ਹਨ। ਤੁਹਾਨੂੰ ਸਿਰਫ਼ ਤੁਹਾਡੇ ਪਰਸਨਲ ਹੈਲਥ ਨੰਬਰ (PHN) ਦੀ ਲੋੜ ਹੈ। ਇਹ ਨੰਬਰ ਤੁਹਾਡੇ ਬੀਸੀ ਸਰਵਿਸਿਜ਼ ਕਾਰਡ ਜਾਂ ਕੇਅਰ ਕਾਰਡ 'ਤੇ ਹੈ। ਬੀ.ਸੀ. ਵਿੱਚ 1,400 ਕਮਿਊਨਿਟੀ ਫਾਰਮੇਸੀਆਂ ਹਨ।

ਫਾਰਮਾਸਿਸਟ ਲਾਇਸੰਸਸ਼ੁਦਾ ਪੇਸ਼ੇਵਰ ਹੁੰਦੇ ਹਨ। ਉਹ ਫੈਮਲੀ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਦੇ ਸਮਾਨ ਗੁਪਤਤਾ ਨਿਯਮਾਂ ਦੇ ਅਧੀਨ ਹਨ। ਤੁਹਾਡੀ ਸਿਹਤ ਜਾਣਕਾਰੀ ਅਤੇ ਗੱਲਬਾਤ ਨਿੱਜੀ ਅਤੇ ਗੁਪਤ ਹੈ।

ਦਵਾਈਆਂ ਦੀ ਲਾਗਤ ਅਤੇ ਉਹਨਾਂ ਨੂੰ ਵੰਡਣ ਦੀ ਫੀਸ ਫਾਰਮੇਸੀਆਂ ਦੇ ਵਿਚਕਾਰ ਵੱਖ-ਵੱਖ ਹੋ ਸਕਦੀ ਹੈ। ਪ੍ਰਿਸਕ੍ਰਿਪਸ਼ਨ ਵਿੱਚ ਲਿਖੀਆਂ ਦਵਾਈਆਂ ਲੈਣ ਤੋਂ ਪਹਿਲਾਂ ਤੁਸੀਂ ਕੀਮਤਾਂ ਅਤੇ ਸੇਵਾਵਾਂ ਦੀ ਤੁਲਨਾ ਕਰਨਾ ਚਾਹ ਸਕਦੇ ਹੋ। ਜੇਕਰ ਤੁਹਾਨੂੰ ਦਵਾਈਆਂ ਲਈ ਭੁਗਤਾਨ ਕਰਨ ਵਿੱਚ ਮਦਦ ਦੀ ਲੋੜ ਹੈ ਤਾਂ ਫ਼ੇਅਰ ਫਾਰਮਾਕੇਅਰ ਲਈ ਰਜਿਸਟਰ ਕਰੋ।

## ਕਿਸੇ ਮਾਮੂਲੀ ਬਿਮਾਰੀ ਲਈ ਸਹਾਇਤਾ ਪ੍ਰਾਪਤ ਕਰੋ

ਫਾਰਮਾਸਿਸਟ ਪਿਸ਼ਾਬ ਦੀ ਨਾਲੀ ਦੀਆਂ ਲਾਗਾਂ (UTIs), ਐਲਰਜੀਆਂ, ਫਿਣਸੀਆਂ, ਜ਼ੁਕਾਮ, ਪਿੰਕ ਆਈ, ਮੋਚ ਅਤੇ ਤਣਾਅ, ਫੰਗਲ ਇਨਫੈਕਸ਼ਨਾਂ, ਸਿਰ ਦਰਦ, ਛਾਤੀ ਵਿੱਚ ਜਲਣ, ਬਵਾਸੀਰ (hemorrhoids), ਛਪਾਕੀ ਅਤੇ ਖੁਜਲੀ, ਇਮਪੇਟੀਗੋ, ਮਾਹਵਾਰੀ ਦਾ ਦਰਦ, ਨਿਕੋਟੀਨ ਨਿਰਭਰਤਾ, ਪਿੰਨਵਰਮਜ਼ (pinworms), ਸ਼ਿੰਗਲਜ਼, ਧੱਫੜਾਂ ਅਤੇ ਖਮੀਰ ਦੀਆਂ ਲਾਗਾਂ ਦਵਾਈਆਂ ਦਾ ਮੁਲਾਂਕਣ ਕਰ ਸਕਦੇ ਹਨ ਅਤੇ ਦਵਾਈਆਂ ਨਿਰਧਿਰਤ ਕਰ ਸਕਦੇ ਹਨ।

ਫਾਰਮਾਸਿਸਟ ਇੱਕ ਇਲਾਜ ਯੋਜਨਾ ਵਿੱਚ ਮਦਦ ਕਰ ਸਕਦਾ ਹੈ, ਦਵਾਈ ਨਿਰਧਾਰਿਤ ਕਰ ਸਕਦਾ ਹੈ, ਜਾਂ ਅਜਿਹੀ ਸਥਿਤੀ ਦੀ ਪਛਾਣ ਕਰ ਸਕਦਾ ਹੈ ਜਿਸ ਵਿੱਚ ਕੋਈ ਹੋਰ ਸਿਹਤ ਪ੍ਰਦਾਤਾ ਮਦਦ ਕਰ ਸਕਦਾ ਹੈ। ਇਹ ਸੇਵਾ ਬੀ.ਸੀ. ਨਿਵਾਸੀਆਂ ਲਈ ਮੁਫਤ ਹੈ ਜਦੋਂ ਵਿਅਕਤੀਗਤ ਤੌਰ 'ਤੇ, ਫਾਰਮੇਸੀ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ।

ਗੰਭੀਰ ਲੱਛਣਾਂ ਜਾਂ ਮੈਡੀਕਲ ਐਮਰਜੈਂਸੀਆਂ ਲਈ, ਫੌਰੀ ਡਾਕਟਰੀ ਸਹਾਇਤਾ ਲਓ ਜਾਂ **9-1-1** ਨੂੰ ਫੋਨ ਕਰੋ।

ਮਾਮੂਲੀ ਬਿਮਾਰੀਆਂ ਦੇ ਲੱਛਣਾਂ ਦੀ ਚੈੱਕਲਿਸਟ ਦੀ ਸਮੀਖਿਆ ਕਰੋ।

# ਗਰਭ ਨਿਰੋਧਕ ਪ੍ਰਾਪਤ ਕਰੋ (ਜਨਮ ਨਿਯੰਤਰਣ)

ਫਾਰਮਾਸਿਸਟ ਕਈ ਕਿਸਮਾਂ ਦੇ ਗਰਭ ਨਿਰੋਧ (ਜਨਮ ਨਿਯੰਤਰਣ) ਨਿਰਧਾਰਿਤ ਕਰ ਸਕਦੇ ਹਨ ਅਤੇ ਪ੍ਰਦਾਨ ਕਰ ਸਕਦੇ ਹਨ। ਇਹ ਗਰਭ ਨਿਰੋਧਕ ਫਾਰਮੇਸੀਆਂ ਵਿੱਚ ਬੀ.ਸੀ. ਨਿਵਾਸੀਆਂ ਲਈ ਮੁਫਤ ਹਨ:

- ਪ੍ਰਿਸਕ੍ਰਿਪਸ਼ਨ ਵਾਲੀਆਂ ਜ਼ਿਆਦਾਤਰ ਗਰਭ ਨਿਰੋਧਕ ਗੋਲੀਆਂ
- ਇੰਟਰਾਯੂਟਰਾਈਨ ਯੰਤਰ (IUDs) - ਹਾਰਮੋਨਲ ਅਤੇ ਕਾਪਰ
- ਹਾਰਮੋਨਲ ਇਮਪਲਾਂਟ
- ਹਾਰਮੋਨਲ ਵੈਜੀਨਲ ਰਿੰਗ
- ਗਰਭ ਨਿਰੋਧਕ ਟੀਕਾ
- ਐਮਰਜੈਂਸੀ ਗਰਭ ਨਿਰੋਧਕ

ਜਦਕਿ ਫਾਰਮਾਸਿਸਟ IUD ਅਤੇ ਇਮਪਲਾਂਟ ਪ੍ਰਦਾਨ ਕਰ ਸਕਦਾ ਹੈ, ਉਨ੍ਹਾਂ ਨੂੰ ਲਗਾਉਣ ਲਈ ਤੁਹਾਨੂੰ ਡਾਕਟਰ ਜਾਂ ਕਲੀਨਿਕ ਨਾਲ ਮੁਲਾਕਾਤ ਦਾ ਪ੍ਰਬੰਧ ਕਰਨ ਦੀ ਲੋੜ ਹੋਵੇਗੀ। ਫਾਰਮਾਸਿਸਟ ਹਾਰਮੋਨਲ ਗਰਭ ਨਿਰੋਧਕ ਟੀਕਾ ਲਗਾ ਸਕਦੇ ਹਨ।

ਗਰਭ ਨਿਰੋਧ (ਜਨਮ ਨਿਯੰਤਰਣ) ਬਾਰੇ ਪੜ੍ਹੋ।

ਤੁਸੀਂ ਮੁਲਾਂਕਣ ਅਤੇ ਪ੍ਰਿਸਕ੍ਰਿਪਸ਼ਨਾਂ ਲਈ ਫਾਰਮੇਸੀ ਵਿੱਚ ਜਾ ਸਕਦੇ ਹੋ, ਜਾਂ ਜਾਣ ਤੋਂ ਪਹਿਲਾਂ ਅਪੌਇੰਮੈਂਟ ਬੁੱਕ ਕਰੋ।

# ਟੀਕਾਕਰਨ ਅਤੇ ਤਜਵੀਜ਼ ਕੀਤੀਆਂ ਦਵਾਈਆਂ ਦੇ ਟੀਕੇ ਪ੍ਰਾਪਤ ਕਰੋ

ਫਾਰਮਾਸਿਸਟ ਜ਼ਿਆਦਾਤਰ ਵੈਕਸੀਨਾਂ ਦੇ ਸਕਦੇ ਹਨ ਅਤੇ 4 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਟੀਕੇ ਦੁਆਰਾ ਦਵਾਈਆਂ ਦੇ ਸਕਦੇ ਹਨ, ਜਿਸ ਵਿੱਚ ਸ਼ਾਮਲ ਹਨ:

- ਇਨਫਲੂਐਨਜ਼ਾ (ਫਲੂ), ਕੋਵਿਡ-19, ਸ਼ਿੰਗਲਜ਼, ਖਸਰਾ, ਨਮੂਨੀਆ, ਮਨੁੱਖੀ ਪੈਪੀਲੋਮਾਵਾਇਰਸ (HPV), ਟੈਟਨਸ ਅਤੇ ਹੋਰ ਬਹੁਤ ਕੁਝ
- ਸਿਹਤ ਸੰਭਾਲ ਪ੍ਰਦਾਤਾ ਦੁਆਰਾ ਤਜਵੀਜ਼ ਕੀਤੀਆਂ ਦਵਾਈਆਂ, ਜਿਵੇਂ ਕਿ B12 ਜਾਂ ਹਾਰਮੋਨ ਥੈਰੇਪੀ

ਟੀਕਾਕਰਨ ਜਾਂ ਦਵਾਈ ਦਾ ਟੀਕਾ ਬੁੱਕ ਕਰਨ ਲਈ ਆਪਣੀ ਫਾਰਮੇਸੀ ਨੂੰ ਫੋਨ ਕਰੋ ਜਾਂ ਉਹਨਾਂ ਦੀ ਵੈੱਬਸਾਈਟ 'ਤੇ ਜਾਓ। ਜ਼ਿਆਦਾਤਰ ਮੁਫ਼ਤ ਹਨ।

# ਪ੍ਰਿਸਕ੍ਰਿਪਸ਼ਨ ਬਦਲੋ ਜਾਂ ਐਮਰਜੈਂਸੀ ਸਪਲਾਈ ਪ੍ਰਾਪਤ ਕਰੋ

ਫਾਰਮਾਸਿਸਟ ਅਕਸਰ ਤੁਹਾਡੀ ਪ੍ਰਿਸਕ੍ਰਿਪਸ਼ਨ ਨੂੰ ਰੀਨਿਊ ਕਰ ਸਕਦੇ ਹਨ ਜਾਂ ਬਦਲ ਸਕਦੇ ਹਨ। ਜੇਕਰ ਕੋਈ ਫਾਰਮਾਸਿਸਟ ਤੁਹਾਡੀ ਪ੍ਰਿਸਕ੍ਰਿਪਸ਼ਨ ਨੂੰ ਰੀਨਿਊ ਕਰਦਾ ਹੈ ਜਾਂ ਬਦਲਦਾ ਹੈ, ਤਾਂ ਤੁਹਾਡੇ ਲਈ ਉਸ ਨੂੰ ਉਸੇ ਫਾਰਮੇਸੀ ਦੀ ਲੋਕੇਸ਼ਨ ਤੋਂ ਪਿੱਕ ਅੱਪ ਕਰਨਾ ਜ਼ਰੂਰੀ ਹੈ।

## ਆਪਣੀ ਪ੍ਰਿਸਕ੍ਰਿਪਸ਼ਨ ਨੂੰ ਰੀਨਿਊ ਕਰੋ

ਇੱਕ ਫਾਰਮਾਸਿਸਟ ਤੁਹਾਡੀ ਪ੍ਰਿਸਕ੍ਰਿਪਸ਼ਨ ਨੂੰ ਰੀਨਿਊ ਕਰਨ ਦੇ ਯੋਗ ਹੋ ਸਕਦਾ ਹੈ ਜੇਕਰ ਤੁਸੀਂ ਆਪਣੀਆਂ ਸਾਰੀਆਂ ਦਵਾਈਆਂ ਵਰਤ ਲਈਆਂ ਹਨ ਅਤੇ ਕੋਈ ਰੀਫਿਲ ਨਹੀਂ ਬਚੀ ਹੈ, ਅਤੇ:

- ਤੁਹਾਡੀ ਹਾਲਤ 6 ਮਹੀਨੇ ਜਾਂ ਇਸ ਤੋਂ ਵੱਧ ਸਮੇਂ ਲਈ ਇੱਕੋ ਖੁਰਾਕ 'ਤੇ ਇੱਕੋ ਦਵਾਈ 'ਤੇ ਸਥਿਰ ਹੈ
- ਤੁਹਾਡੀ ਪ੍ਰਿਸਕ੍ਰਿਪਸ਼ਨ ਪਿਛਲੇ 24 ਮਹੀਨਿਆਂ ਵਿੱਚ ਜਾਰੀ ਕੀਤੀ ਗਈ ਸੀ

- ਡਾਕਟਰ ਅਜੇ ਵੀ ਬੀ.ਸੀ. ਵਿੱਚ ਪ੍ਰੈਕਟਿਸ ਕਰ ਰਿਹਾ ਹੈ। ਜੇਕਰ ਨਹੀਂ, ਤਾਂ ਇੱਕ ਫਾਰਮਾਸਿਸਟ ਇਸ ਨੂੰ ਰੀਨਿਊ ਕਰਨ ਲਈ ਇੱਕ ਡਾਕਟਰ ਲੱਭਣ ਦੇ ਯੋਗ **ਹੋ ਸਕਦਾ ਹੈ**

ਫਾਰਮਾਸਿਸਟ ਇਹ ਨਹੀਂ ਕਰ ਸਕਦੇ:

- ਕੈਂਸਰ ਦੀ ਕੀਮੋਥੈਰੇਪੀ ਪ੍ਰਿਸਕ੍ਰਿਪਸ਼ਨਾਂ ਨੂੰ ਰੀਨਿਊ ਕਰਨਾ ਜਾਂ ਬਦਲਣਾ
- ਨਸ਼ੀਲੇ ਪਦਾਰਥਾਂ ਅਤੇ ਨਿਯੰਤਰਿਤ ਦਵਾਈਆਂ ਲਈ ਪ੍ਰਿਸਕ੍ਰਿਪਸ਼ਨਾਂ ਨੂੰ ਮੂਲ ਰੂਪ ਵਿੱਚ ਤਜਵੀਜ਼ ਤੋਂ ਵੱਧ ਸਮੇਂ ਲਈ ਰੀਨਿਊ ਕਰਨਾ

### ਆਪਣੀ ਪ੍ਰਿਸਕ੍ਰਿਪਸ਼ਨ ਬਦਲੋ

ਇੱਕ ਫਾਰਮਾਸਿਸਟ ਤੁਹਾਡੀ ਪ੍ਰਿਸਕ੍ਰਿਪਸ਼ਨ ਦੀ ਖੁਰਾਕ, ਫਾਰਮੂਲੇਸ਼ਨ, ਰੈਜੀਮੈਨ ਨੂੰ ਬਦਲਣ ਦੇ ਯੋਗ ਹੋ ਸਕਦਾ ਹੈ, ਜਾਂ ਇਸ ਨੂੰ ਕਿਸੇ ਸਮਾਨ ਦਵਾਈ ਲਈ ਬਦਲ ਸਕਦਾ ਹੈ। ਫਾਰਮਾਸਿਸਟ ਨਸ਼ੀਲੇ ਪਦਾਰਥਾਂ, ਜਾਂ ਨਿਯੰਤਰਿਤ ਜਾਂ ਨਿਸ਼ਾਨੇਬੱਧ ਪਦਾਰਥਾਂ ਲਈ ਪ੍ਰਿਸਕ੍ਰਿਪਸ਼ਨਾਂ ਨਹੀਂ ਬਦਲ ਸਕਦੇ।

### ਐਮਰਜੈਂਸੀ ਸਪਲਾਈ ਪ੍ਰਾਪਤ ਕਰੋ

ਪ੍ਰਿਸਕ੍ਰਿਪਸ਼ਨਾਂ ਲਿਖੇ ਜਾਣ ਦੀ ਮਿਤੀ ਤੋਂ 2 ਸਾਲਾਂ ਤੱਕ ਵੈਧ ਹੁੰਦੀਆਂ ਹਨ। ਜੇ ਤੁਹਾਡੀ ਦਵਾਈ ਖਤਮ ਹੋ ਗਈ ਹੈ ਅਤੇ ਤੁਹਾਡੀ ਪ੍ਰਿਸਕ੍ਰਿਪਸ਼ਨ 2 ਸਾਲ ਤੋਂ ਵੱਧ ਸਮਾਂ ਪਹਿਲਾਂ ਲਿਖੀ ਗਈ ਸੀ ਤਾਂ ਤੁਹਾਡਾ ਫਾਰਮਾਸਿਸਟ ਉਦੋਂ ਤੱਕ ਐਮਰਜੈਂਸੀ ਸਪਲਾਈ ਪ੍ਰਦਾਨ ਕਰਨ ਦੇ ਯੋਗ ਹੋ ਸਕਦਾ ਹੈ ਜਦੋਂ ਤੱਕ ਤੁਸੀਂ ਡਾਕਟਰ ਜਾਂ ਹੋਰ ਡਾਕਟਰ ਤੋਂ ਨਵੀਂ ਪ੍ਰਿਸਕ੍ਰਿਪਸ਼ਨ ਪ੍ਰਾਪਤ ਨਹੀਂ ਕਰ ਲੈਂਦੇ।

## ਬੀਸੀ ਫਾਰਮਾਕੇਅਰ ਦੇ ਅਧੀਨ ਕਵਰੇਜ ਪ੍ਰਾਪਤ ਕਰੋ

ਬੀਸੀ ਫਾਰਮਾਕੇਅਰ ਬੀ.ਸੀ. ਨਿਵਾਸੀਆਂ ਨੂੰ ਇਹਨਾਂ ਲਈ ਭੁਗਤਾਨ ਕਰਨ ਵਿੱਚ ਮਦਦ ਕਰਦਾ ਹੈ:

- ਪ੍ਰਿਸਕ੍ਰਿਪਸ਼ਨ ਦਵਾਈਆਂ
- ਮੈਡੀਕਲ ਉਪਕਰਣ ਅਤੇ ਸਪਲਾਈਆਂ
- ਫਾਰਮੇਸੀ ਸੇਵਾਵਾਂ

ਫੇਅਰ ਫਾਰਮਾਕੇਅਰ ਪਲਾਨ ਆਮਦਨ 'ਤੇ ਆਧਾਰਿਤ ਹੈ। ਤੁਹਾਡੀ ਪਰਿਵਾਰਕ ਆਮਦਨ ਜਿੰਨੀ ਘੱਟ ਹੋਵੇਗੀ, ਤੁਹਾਨੂੰ ਓਨੀ ਹੀ ਜ਼ਿਆਦਾ ਮਦਦ ਮਿਲੇਗੀ। ਰਜਿਸਟਰ ਕਰਨ ਲਈ ਤੁਹਾਨੂੰ ਸਿਰਫ਼ ਤੁਹਾਡੇ ਸੋਸ਼ਲ ਇੰਸ਼ੋਰੈਂਸ ਨੰਬਰ ਦੀ ਲੋੜ ਹੈ। ਫੇਅਰ ਫਾਰਮਾਕੇਅਰ ਲਈ ਹੁਣੇ ਰਜਿਸਟਰ ਕਰੋ।

| ਆਪਣਾ ਪ੍ਰਿਸਕ੍ਰਿਪਸ਼ਨ ਇਤਿਹਾਸ ਦੇਖੋ |
| --- |
| ਤੁਸੀਂ ਹੈਲਥ ਗੇਟਵੇ ਐਪ ਰਾਂਹੀ 1995 ਤੱਕ ਦੇ ਆਪਣੇ ਬੀ.ਸੀ. ਪ੍ਰਿਸਕ੍ਰਿਪਸ਼ਨ ਰਿਕਾਰਡਾਂ ਤੱਕ ਪਹੁੰਚ ਕਰ ਸਕਦੇ ਹੋ। |

## ਮਾਮੂਲੀ ਬਿਮਾਰੀਆਂ ਦੀ ਚੈੱਕਲਿਸਟ

| ਗੰਭੀਰ ਲੱਛਣਾਂ ਜਾਂ ਮੈਡੀਕਲ ਐਮਰਜੈਂਸੀਆਂ ਲਈ, ਫੌਰੀ ਡਾਕਟਰੀ ਸਹਾਇਤਾ ਲਓ ਜਾਂ **9-1-1** ਨੂੰ ਫੋਨ ਕਰੋ |
| --- |
| ਜੇ ਤੁਹਾਡੇ ਲੱਛਣ ਮਾਮੂਲੀ ਬਿਮਾਰੀਆਂ ਵਿੱਚੋਂ ਇੱਕ ਨਾਲ ਮੇਲ ਖਾਂਦੇ ਹਨ, ਤਾਂ ਮੁਲਾਂਕਣ ਲਈ ਕਿਸੇ ਫਾਰਮੇਸੀ ਵਿੱਚ ਜਾਓ ਜਾਂ ਅਪੌਇੰਟਮੈਂਟ ਬੁੱਕ ਕਰੋ। |

## ਐਕਨੀ (ਹਲਕੀ)

- ਲੱਛਣਾਂ ਵਿੱਚ ਛੋਟੇ ਲਾਲ ਧੱਬੇ; ਪਸ ਨਾਲ ਭਰੀਆਂ ਫਿਣਸੀਆਂ; ਵ੍ਹਾਈਟਹੈੱਡ; ਬਲੈਕਹੈੱਡ ਸ਼ਾਮਲ ਹਨ
- ਐਕਨੀ ਬਾਰੇ ਹੋਰ ਪੜ੍ਹੋ

## ਐਲਰਜੀਆਂ ਅਤੇ ਹੇ ਫੀਵਰ

- ਲੱਛਣਾਂ ਵਿੱਚ ਭਰੀ ਹੋਈ ਜਾਂ ਵਗਦੀ ਨੱਕ (ਆਮ ਤੌਰ 'ਤੇ ਸਾਫ਼ ਅਤੇ ਪਾਣੀ ਵਰਗੀ); ਛਿੱਕਾਂ; ਖਾਰਸ਼ ਵਾਲਾ ਨੱਕ, ਅੱਖਾਂ ਅਤੇ/ਜਾਂ ਗਲਾ (ਜ਼ੁਕਾਮ ਜਾਂ ਫਲੂ ਨਾਲ ਸਬੰਧਤ ਨਹੀਂ) ਸ਼ਾਮਲ ਹੋ ਸਕਦੇ ਹਨ
- ਐਲਰਜੀਆਂ (ਐਲਰਜਿਕ ਰਾਈਨਾਈਟਿਸ) ਬਾਰੇ ਹੋਰ ਪੜ੍ਹੋ

## ਕੈਂਕਰ ਜ਼ਖਮ (ਮੂੰਹ ਦੇ ਅਲਸਰ)

- ਮੂੰਹ, ਗੱਲ੍ਹ ਜਾਂ ਜੀਭ ਦੀ ਅੰਦਰਲੀ ਲਾਈਨਿੰਗ 'ਤੇ ਛੋਟੇ, ਘੱਟ ਡੂੰਘੇ, ਦਰਦਨਾਕ, ਵਾਰ-ਵਾਰ ਹੋਣ ਵਾਲੇ ਜ਼ਖਮ। ਆਮ ਤੌਰ 'ਤੇ ਜ਼ਖਮਾਂ ਦੇ ਚਿੱਟੇ ਜਾਂ ਪੀਲੇ ਕੇਂਦਰ ਦੇ ਨਾਲ ਲਾਲ ਬਾਰਡਰ ਹੁੰਦੇ ਹਨ
- ਕੈਂਕਰ ਜ਼ਖਮਾਂ ਬਾਰੇ ਹੋਰ ਪੜ੍ਹੋ

## ਕੋਲਡ ਸੋਰ

- ਬੁੱਲ੍ਹਾਂ ਦੇ ਬਾਰਡਰ 'ਤੇ ਖੁਜਲੀ, ਝਰਨਾਹਟ, ਜਾਂ ਜਲਣ ਦੇ ਨਾਲ ਸ਼ੁਰੂ ਹੁੰਦੇ ਹਨ। ਤਰਲ ਨਾਲ ਭਰੇ, ਦਰਦਨਾਕ ਛਾਲਿਆਂ ਦਾ ਇੱਕ ਸਮੂਹ ਜਲਦੀ ਹੀ ਦਿਖਾਈ ਦਿੰਦਾ ਹੈ (ਆਮ ਤੌਰ 'ਤੇ 24 ਘੰਟਿਆਂ ਦੇ ਅੰਦਰ), ਲਾਲੀ ਨਾਲ ਘਿਰਿਆ ਹੋਇਆ
- ਕੋਲਡ ਸੋਰਾਂ ਬਾਰੇ ਹੋਰ ਪੜ੍ਹੋ

## ਫੰਗਲ ਇਨਫੈਕਸ਼ਨ

- ਜੌਕ ਇੱਚ: ਉਭਰੇ ਹੋਏ ਜਾਂ ਛਿਲਕੇਦਾਰ, ਨਿਸ਼ਚਿਤ ਕਿਨਾਰਿਆਂ ਵਾਲੇ ਵੱਡੇ, ਗੋਲ, ਲਾਲ ਪੈਚ, ਆਮ ਤੌਰ 'ਤੇ ਉੱਪਰਲੇ ਅੰਦਰੂਨੀ ਪੱਟ ਜਾਂ ਕਮਰ 'ਤੇ। ਚਿੱਤੜਾਂ ਜਾਂ ਪੇਟ/ਢਿੱਡ ਤੱਕ ਫੈਲ ਸਕਦੀ ਹੈ। ਖਾਰਸ਼ ਜਾਂ ਜਲਣ ਮਹਿਸੂਸ ਹੋ ਸਕਦੀ ਹੈ
- ਅਥਲੀਟਸ ਫੁੱਟ: ਪੈਰਾਂ ਦੀਆਂ ਉਂਗਲਾਂ ਦੇ ਵਿਚਕਾਰ ਅਤੇ ਕਈ ਵਾਰ ਪੈਰਾਂ ਦੇ ਹੋਰ ਖੇਤਰਾਂ 'ਤੇ ਸੋਜ ਜਾਂ ਛਾਲਿਆਂ ਵਾਲੀ ਚਮੜੀ। ਦਰਾੜਾਂ ਵਾਲੀ ਜਾਂ ਛਿਲਕੇਦਾਰ ਹੋ ਸਕਦੀ ਹੈ। ਖਾਰਸ਼ ਜਾਂ ਜਲਣ ਮਹਿਸੂਸ ਹੋ ਸਕਦੀ ਹੈ
- ਦਾਦ (ਰਿੰਗਵਰਮ): ਚੰਗੀ ਤਰ੍ਹਾਂ ਨਿਸ਼ਚਿਤ ਉਭਰੇ ਹੋਏ ਜਾਂ ਛਿਲਕੇਦਾਰ ਕਿਨਾਰਿਆਂ ਵਾਲੇ ਬਾਰਡਰ ਦੇ ਨਾਲ ਗੋਲਾਕਾਰ ਧੱਫੜ। ਆਮ ਤੌਰ 'ਤੇ ਗਰਦਨ, ਧੜ ਜਾਂ ਲੱਤਾਂ/ਬਾਹਵਾਂ 'ਤੇ ਹੁੰਦਾ ਹੈ। ਖਾਰਸ਼ ਜਾਂ ਜਲਣ ਮਹਿਸੂਸ ਹੋ ਸਕਦਾ ਹੈ
- ਨਹੁੰਆਂ ਜਾਂ ਪੈਰਾਂ ਦੇ ਨਹੁੰਆਂ ਦੀ ਲਾਗ। ਆਮ ਤੌਰ 'ਤੇ ਪੀਲੇ/ਚਿੱਟੇ ਜਾਂ ਸੰਤਰੀ/ਭੂਰੇ-ਰੰਗ ਦੀਆਂ ਲੰਬਕਾਰੀ ਧਾਰੀਆਂ ਦੇ ਨਾਲ ਮੋਟੇ, ਭੁਰਭੁਰਾ ਨਹੁੰ ਦੇ ਰੂਪ ਵਿੱਚ ਦਿਖਾਈ ਦਿੰਦੇ ਹਨ। ਦਰਦ ਜਾਂ ਬੇਅਰਾਮੀ ਹੋ ਸਕਦੀ ਹੈ
- ਜੌਕ ਇੱਚ, ਅਥਲੀਟਸ ਫੁੱਟ, ਦਾਦ ਅਤੇ ਨਹੁੰਆਂ ਦੀਆਂ ਫੰਗਲ ਇਨਫੈਕਸ਼ਨਾਂ ਬਾਰੇ ਹੋਰ ਪੜ੍ਹੋ

## ਸਿਰਦਰਦ

- ਲੱਛਣਾਂ ਵਿੱਚ ਮਤਲੀ ਜਾਂ ਉਲਟੀਆਂ ਤੋਂ ਬਿਨਾਂ ਹਲਕੀ ਤੋਂ ਦਰਮਿਆਨੀ ਦਰਦ, ਸਿਰ ਦੇ ਪਾਸਿਆਂ ਅਤੇ ਮੱਥੇ ਦੇ ਪਾਰ ਤਣਾਅ ਹੋਣਾ ਸ਼ਾਮਲ ਹਨ
- ਸਿਰ ਦਰਦਬਾਰੇ ਹੋਰ ਪੜ੍ਹੋ

## ਛਾਤੀ ਦੀ ਜਲਣ (ਐਸਿਡ ਰੀਫਲਕਸ/GERD)

- ਲੱਛਣਾਂ ਵਿੱਚ ਡਕਾਰ ਆਉਣੇ, ਪੇਟ ਦਾ ਤੇਜ਼ਾਬ ਪੇਟ ਤੋਂ ਮੂੰਹ ਵਿੱਚ ਵਧਣਾ; ਪੇਟ ਜਾਂ ਛਾਤੀ ਦੇ ਹੇਠਲੇ ਹਿੱਸੇ ਵਿੱਚ ਜਲਣ ਦੀ ਭਾਵਨਾ ਸ਼ਾਮਲ ਹਨ
- ਛਾਤੀ ਦੀ ਜਲਨ (ਗੈਸਟ੍ਰੋਈਸੋਫੇਜੀਅਲ ਰੀਫਲਕਸ ਡਿਜ਼ੀਜ਼/GERD) ਬਾਰੇ ਹੋਰ ਪੜ੍ਹੋ

## ਬਵਾਸੀਰ (Hemorrhoids)

- ਲੱਛਣਾਂ ਵਿੱਚ ਖੁਜਲੀ, ਜਲਨ, ਸੋਜ, ਜਾਂ ਭਗ/ਗੁਦੇ ਦੇ ਆਲੇ ਦੁਆਲੇ ਇੱਕ ਗੰਢ, ਦਰਦ ਦੇ ਨਾਲ ਜਾਂ ਬਿਨਾਂ; ਅਤੇ/ਜਾਂ ਅੰਤੜੀ ਦੀ ਹਰਕਤ ਦੇ ਦੌਰਾਨ ਜਾਂ ਉਸ ਤੋਂ ਬਾਅਦ ਵਿੱਚ ਚਮਕਦਾਰ ਲਾਲ ਲਹੂ (ਟਾਇਲਟ ਪੇਪਰ 'ਤੇ ਨਿਸ਼ਾਨ ਜਾਂ ਟਾਇਲਟ ਬਾਊਲ ਵਿੱਚ ਖੂਨ ਦੀਆਂ ਬੂੰਦਾਂ) ਸ਼ਾਮਲ ਹਨ
- ਬਵਾਸੀਰ ਬਾਰੇ ਹੋਰ ਪੜ੍ਹੋ

## ਛਪਾਕੀ ਅਤੇ ਖੁਜਲੀ, ਕੀੜਿਆਂ ਦੇ ਕੱਟਣ (ਅਰਟੀਕੇਰੀਆ) ਸਮੇਤ

- ਛੋਟੇ ਬੰਪ ਜਾਂ ਛਾਲੇ ਜੋ ਦਰਦਨਾਕ, ਖਾਰਸ਼ ਵਾਲੇ ਅਤੇ/ਜਾਂ ਸੁੱਜ ਹੋਏ ਹੋ ਸਕਦੇ ਹਨ; ਤੇਜ਼ ਜਲਣ ਵਾਲੇ ਦਰਦ ਜਾਂ ਡੰਗਣ ਵਰਗਾ ਮਹਿਸੂਸ ਹੋ ਸਕਦਾ ਹੈ
- ਖੁਸ਼ਕ ਚਮੜੀ ਅਤੇ ਖੁਜਲੀ ਬਾਰੇ ਹੋਰ ਪੜ੍ਹੋ

## ਇਮਪੇਟੀਗੋ (Impetigo)

- ਚਮੜੀ 'ਤੇ ਛੋਟੇ-ਛੋਟੇ ਛਾਲੇ ਜਿੰਨ੍ਹਾਂ ਵਿੱਚੋਂ ਤਰਲ ਰਿਸਦਾ ਹੈ, ਫਿਰ ਸੁੱਕ ਕੇ ਪੀਲੀ-ਭੂਰੀ ਚਮੜੀ ਬਣ ਜਾਂਦੇ ਹਨ; ਆਮ ਤੌਰ 'ਤੇ ਨੱਕ ਅਤੇ ਮੂੰਹ ਦੇ ਆਲੇ ਦੁਆਲੇ ਦਿਖਾਈ ਦਿੰਦੇ ਹਨ; ਖਾਰਸ਼ ਹੋ ਸਕਦੀ ਹੈ, ਪਰ ਆਮ ਤੌਰ 'ਤੇ ਦਰਦਨਾਕ ਨਹੀਂ ਹੁੰਦੇ
- ਇਮਪੇਟੀਗੋ ਬਾਰੇ ਹੋਰ ਪੜ੍ਹੋ

## ਮਾਹਵਾਰੀ ਦਾ ਦਰਦ

- ਹੇਠਲੇ ਪੇਟ/ਢਿੱਡ ਵਿੱਚ ਦਰਦ ਅਤੇ ਕੜਵੱਲ; ਅਤੇ/ਜਾਂ ਮਹਾਵਾਰੀ ਤੋਂ ਪਹਿਲਾਂ ਜਾਂ ਉਸਦੇ ਦੌਰਾਨ ਪਿੱਠ ਦੇ ਹੇਠਲੇ ਹਿੱਸੇ ਵਿੱਚ ਦਰਦ
- ਮਾਹਵਾਰੀ ਦੇ ਕੜਵੱਲਾਂ ਬਾਰੇ ਹੋਰ ਪੜ੍ਹੋ

## ਨਿਕੋਟੀਨ/ਤੰਬਾਕੂ ਨਿਰਭਰਤਾ

- ਨਿਕੋਟੀਨ/ਤੰਬਾਕੂ ਦੀ ਵਰਤੋਂ ਨਾਲ ਸਬੰਧਤ ਤਾਂਘਾਂ, ਲਾਲਸਾਵਾਂ, ਬੇਚੈਨੀ, ਚਿੰਤਾ, ਧਿਆਨ ਕੇਂਦਰਿਤ ਕਰਨ ਵਿੱਚ ਮੁਸ਼ਕਲ
- ਤੰਬਾਕੂ ਉਤਪਾਦਾਂ/ਸਿਗਰਟਨੋਸ਼ੀ ਨੂੰ ਕਿਵੇਂ ਛੱਡਣਾ ਹੈ ਬਾਰੇ ਹੋਰ ਪੜ੍ਹੋ

ਫਾਰਮਾਸਿਸਟ ਤੁਹਾਨੂੰ ਨਿਕੋਟੀਨ ਪੈਚ, ਲੋਜ਼ੈਂਜਿਜ਼ ਜਾਂ ਗਮ ਦੇ 12-ਹਫ਼ਤੇ ਦੇ ਮੁਫ਼ਤ ਕੋਰਸ 'ਤੇ ਸ਼ੁਰੂ ਕਰ ਸਕਦੇ ਹਨ। ਉਹ ਮੂੰਹ ਰਾਂਹੀ ਖਾਣ ਵਾਲੀਆਂ ਦਵਾਈਆਂ ਵੈਰੇਨਿਕਲਾਈਨ ਜਾਂ ਬਿਊਪ੍ਰੋਪੀਅਨ ਵੀ ਲਿਖ ਸਕਦੇ ਹਨ, ਜਿੰਨ੍ਹਾਂ ਲਈ ਫਾਰਮਾਕੇਅਰ ਭੁਗਤਾਨ ਕਰਨ ਵਿੱਚ ਮਦਦ ਕਰ ਸਕਦਾ ਹੈ।

## ਪਿੰਕ ਆਈ (ਕੰਜੰਕਟੀਵਾਇਟਿਸ)

- ਲਾਲ ਅੱਖ(ਆਂ) ਅਤੇ ਪਾਣੀ ਵਾਲਾ ਜਾਂ ਮੋਟਾ ਡਿਸਚਾਰਜ (ਹੰਝੂ) ਜੋ ਕਿ ਚਿੱਟਾ, ਪੀਲਾ ਜਾਂ ਹਰਾ ਹੈ, ਅਤੇ/ਜਾਂ ਖੁਰਕ, ਜਲਨ, ਖੁਜਲੀ; ਜਾਂ ਅੱਖ ਵਿੱਚ ਕਿਸੇ ਚੀਜ਼ ਦਾ ਰੜਕਣਾ
- ਪਿੰਕ ਆਈ ਬਾਰੇ ਹੋਰ ਪੜ੍ਹੋ

## ਪਿੰਨਵਰਮਜ਼ (ਜਿਸਨੂੰ ਥ੍ਰੈਡਵਰਮਜ਼ ਵੀ ਕਿਹਾ ਜਾਂਦਾ ਹੈ)

- ਗੁਦੇ ਵਿੱਚ ਖੁਜਲੀ ਅਤੇ ਢਿੱਡ ਵਿੱਚ ਦਰਦ ਆਮ ਹਨ, ਹਾਲਾਂਕਿ ਕੁਝ ਲੋਕਾਂ ਵਿੱਚ ਕੋਈ ਲੱਛਣ ਨਹੀਂ ਹੁੰਦੇ ਹਨ
- ਨੋਟ: ਨਿਦਾਨ ਵਿੱਚ ਆਮ ਤੌਰ 'ਤੇ ਵਿਜ਼ੂਅਲ ਨਿਰੀਖਣ ਜਾਂ ਅੰਡਿਆਂ ਨੂੰ ਫਸਾਉਣ ਲਈ ਚਿਪਕਣ ਵਾਲੀ (ਟੇਪ) ਦੀ ਵਰਤੋਂ ਸ਼ਾਮਲ ਹੁੰਦੀ ਹੈ
- ਪਿੰਨਵਰਮਜ਼ ਬਾਰੇ ਹੋਰ ਪੜ੍ਹੋ

## ਸ਼ਿੰਗਲਜ਼

- ਦਰਦਨਾਕ, ਛਾਲੇਦਾਰ ਧੱਫੜ ਦਿਖਾਈ ਦੇਣ ਤੋਂ ਕੁਝ ਦਿਨ ਪਹਿਲਾਂ ਚਿਹਰੇ ਜਾਂ ਸਰੀਰ ਦੇ ਇੱਕ ਪਾਸੇ ਜਲਣ, ਝਰਨਾਹਟ ਜਾਂ ਸੁੰਨ ਹੋਣਾ
- ਸ਼ਿੰਗਲਜ਼ ਬਾਰੇ ਹੋਰ ਪੜ੍ਹੋ

## ਐਗਜ਼ੀਮਾ (Eczema), ਐਲਰਜਿਕ ਪ੍ਰਤੀਕ੍ਰਿਆਵਾਂ ਅਤੇ ਹੋਰ ਕਾਰਨਾਂ ਕਰਕੇ ਚਮੜੀ ਦੇ ਧੱਫੜ

- ਲੱਛਣਾਂ ਵਿੱਚ ਖੁਸ਼ਕ, ਲਾਲ ਅਤੇ ਖਾਰਸ਼ ਵਾਲੀ ਚਮੜੀ; ਦਰਾੜਾਂ ਵਾਲੇ ਅਤੇ ਰਿਸਣ ਵਾਲੇ ਛਾਲੇ; ਛਿਲਕੇਦਾਰ ਅਤੇ ਖੁਰਲੀ ਵਾਲੀ ਚਮੜੀ ਸ਼ਾਮਲ ਹੋ ਸਕਦੀ ਹੈ
- ਇਸ ਵਿੱਚ ਡਾਇਪਰ ਰੈਸ਼, ਸੇਬੋਰੀਐਕ (ਖੋਪੜੀ), ਜਲਣ ਪੈਦਾ ਕਰਨ ਵਾਲੇ ਪਦਾਰਥ ਪ੍ਰਤੀ ਪ੍ਰਤੀਕਿਰਿਆ (ਸੰਪਰਕ), ਐਲਰਜਿਕ ਪ੍ਰਤੀਕਰਮ, ਅਤੇ ਐਗਜ਼ੀਮਾ ਸ਼ਾਮਲ ਹਨ
- ਐਗਜ਼ੀਮਾ (ਐਟੌਪਿਕ ਡਰਮੇਟਾਇਟਸ) ਅਤੇ ਐਲਰਜਿਕ ਪ੍ਰਤੀਕਰਮਾਂ ਬਾਰੇ ਹੋਰ ਪੜ੍ਹੋ

## ਮੋਚ ਅਤੇ ਖਿਚਾਅ

- ਦਰਦ, ਸੋਜ ਜਾਂ ਨਰਮੀ (ਹਲਕੀ ਤੋਂ ਦਰਮਿਆਨੀ ਤੀਬਰਤਾ), ਲਾਲੀ ਜਾਂ ਨੀਲ; ਮਾਸਪੇਸ਼ੀਆਂ ਦੀ ਕਮਜ਼ੋਰੀ ਦੇ ਨਾਲ ਹਰਕਤ ਦੀ ਸੀਮਤ ਸੀਮਾ; ਜ਼ਿਆਦਾ ਕੰਮ ਕਰਨ ਜਾਂ ਤਣਾਅ ਨਾਲ ਜੁੜੀ ਸੱਟ
- ਗਿੱਟੇ ਦੀਆਂ ਮੋਚਾਂ, ਟੈਂਡਨ ਦੀਆਂ ਸੱਟਾਂ, ਪਿੰਜਣੀ (Calf) ਦੀਆਂ ਮਾਸਪੇਸ਼ੀਆਂ ਦੀਆਂ ਸੱਟਾਂ, ਐਕਲਿਸ ਟੈਂਡਨ ਦੀਆਂ ਸਮੱਸਿਆਵਾਂ, ਗੋਡਿਆਂ ਦੀਆਂ ਸੱਟਾਂ, ਮਾਸਪੇਸ਼ੀਆਂ ਦੇ ਕੜਵੱਲਾਂ ਬਾਰੇ ਪੜ੍ਹੋ

## ਥਰਸ਼ (ਓਰਲ ਫੰਗਲ ਇਨਫੈਕਸ਼ਨ)

- ਬੁੱਲ੍ਹਾਂ 'ਤੇ, ਮੂੰਹ ਦੇ ਅੰਦਰ, ਜੀਭ ਅਤੇ/ਜਾਂ ਮੂੰਹ ਦੀ ਛੱਤ 'ਤੇ ਚਿੱਟੇ ਜਾਂ ਕਰੀਮ-ਚਿੱਟੇ ਧੱਬੇ/ਧੱਬੇ; ਪੈਚਾਂ ਦੀ ਕਾਟੇਜ ਪਨੀਰ ਵਰਗੀ ਦਿੱਖ ਹੁੰਦੀ ਹੈ ਅਤੇ ਇਸਨੂੰ ਖੁਰਚਿਆ ਜਾ ਸਕਦਾ ਹੈ; ਲੱਛਣਾਂ ਵਿੱਚ ਖੁਸ਼ਕ ਮੂੰਹ ਅਤੇ/ਜਾਂ ਸਵਾਦ ਦੀ ਕਮੀ ਸ਼ਾਮਲ ਹੋ ਸਕਦੇ ਹਨ
- ਥਰਸ਼ ਬਾਰੇ ਪੜ੍ਹੋ

## ਪੇਟ ਖਰਾਬ ਹੋਣਾ (ਬਦਹਜ਼ਮੀ)

- ਲੱਛਣਾਂ ਵਿੱਚ ਛਾਤੀ ਵਿੱਚ ਜਲਨ, ਮਤਲੀ, ਆਫਰਿਆ ਹੋਏ ਪੇਟ, ਪੇਟ ਵਿੱਚ ਬੇਅਰਾਮੀ, ਖਾਣਾ ਖਾਣ ਤੋਂ ਤੁਰੰਤ ਬਾਅਦ ਭਰਿਆ ਮਹਿਸੂਸ ਹੋਣਾ, ਭੋਜਨ ਦੇ ਡਕਾਰ ਆਉਣਾ, ਪੇਟ ਵਿੱਚ ਤੇਜ਼ਾਬ ਜਾਂ ਗੈਸ ਸ਼ਾਮਲ ਹਨ
- ਬਦਹਜ਼ਮੀ (ਡਿਸਪੇਪਸੀਆ) ਬਾਰੇ ਪੜ੍ਹੋ

## ਪਿਸ਼ਾਬ ਦੀ ਨਾਲੀ ਦੀ ਲਾਗ (ਸਧਾਰਨ)

ਲੱਛਣਾਂ ਵਿੱਚ ਆਮ ਤੌਰ 'ਤੇ ਸ਼ਾਮਲ ਹੁੰਦੇ ਹਨ:

- ਵਾਰ-ਵਾਰ ਪਿਸ਼ਾਬ ਆਉਣਾ, ਪਿਸ਼ਾਬ ਕਰਦੇ ਸਮੇਂ ਦਰਦ, ਅਤੇ ਪਿਸ਼ਾਬ ਨੂੰ ਰੋਕਣ ਵਿੱਚ ਮੁਸ਼ਕਲ; ਧੁੰਧਲਾ, ਜਾਂ ਬਦਬੂਦਾਰ ਪਿਸ਼ਾਬ
- ਜੇਕਰ ਤੁਸੀਂ ਗਰਭਵਤੀ ਹੋ ਜਾਂ ਮਰਦ ਹੋ, ਤਾਂ ਕਿਰਪਾ ਕਰਕੇ ਕਿਸੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਨੂੰ ਮਿਲੋ
- ਕਿਸ਼ੋਰਾਂ ਅਤੇ ਬਾਲਗਾਂ , ਬੱਚਿਆਂ ਵਿੱਚ ਪਿਸ਼ਾਬ ਨਾਲੀ ਦੀਆਂ ਸਧਾਰਨ ਲਾਗਾਂ ਅਤੇ ਪਿਸ਼ਾਬ ਦੀ ਨਾਲੀ ਦੀਆਂ ਜਟਿਲ ਲਾਗਾਂ

(ਕਿਸੇ ਫਾਰਮਾਸਿਸਟ ਦੁਆਰਾ ਮੁਲਾਂਕਣ ਨਹੀਂ ਕੀਤਾ ਜਾ ਸਕਦਾ) ਬਾਰੇ ਹੋਰ ਪੜ੍ਹੋ

### ਯੀਸਟ ਇਨਫੈਕਸ਼ਨ (ਵੈਜੀਨਲ ਕੈਂਡੀਡਾਇਆਸਿਸ)

- ਯੋਨੀ ਦੀ ਖਾਰਸ਼, ਚਿੱਟੇ, ਕਾਟੇਜ ਪਨੀਰ ਵਰਗੇ ਡਿਸਚਾਰਜ ਦੇ ਨਾਲ ਜਲਣ ਅਤੇ ਲਾਲੀ
- ਵੈਜੀਨਲ ਯੀਸਟ ਇਨਫੈਕਸ਼ਨ ਬਾਰੇ ਪੜ੍ਹੋ

# ਸਿਹਤ ਅਤੇ ਸੇਵਾ ਪੁੱਛਗਿੱਛ ਲਈ

ਜੇਕਰ ਤੁਹਾਡੀ ਸਿਹਤ ਜਾਂ ਤੁਹਾਡੇ ਨੇੜੇ ਦੀਆਂ ਸੇਵਾਵਾਂ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ **8-1-1** ਨਾਲ ਸੰਪਰਕ ਕਰੋ।

ਫਾਰਮੇਸੀ ਸੇਵਾਵਾਂ ਅਤੇ ਫਾਰਮਾਕੇਅਰ ਕਵਰੇਜ ਬਾਰੇ ਪੁੱਛਗਿੱਛ ਲਈ, ਸਰਵਿਸ ਬੀਸੀ ਕਾਲ ਸੈਂਟਰ ਨਾਲ ਸੰਪਰਕ ਕਰੋ। ਏਜੰਟ ਖਾਸ ਡਾਕਟਰੀ ਸਥਿਤੀਆਂ ਜਾਂ ਇਲਾਜਾਂ ਬਾਰੇ ਸਵਾਲਾਂ ਦੇ ਜਵਾਬ ਨਹੀਂ ਦੇ ਸਕਦੇ ਹਨ।

**ਫੋਨ ਕਰੋ:** 1-833-882-0022
**ਘੰਟੇ:** ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:00 ਵਜੇ - ਸ਼ਾਮ 4:30 ਵਜੇ ਤੱਕ
**ਅਨੁਵਾਦ ਸੇਵਾਵਾਂ ਉਪਲਬਧ ਹਨ**

ਬਹਿਰੇ ਲੋਕਾਂ ਲਈ ਟੈਲੀਫ਼ੋਨ: **7-1-1** ਡਾਇਲ ਕਰੋ

ਵੀਡੀਓ ਰੀਲੇ ਸੇਵਾਵਾਂ (VRS) ਸਾਇਨ ਲੈਂਗੁਏਜ ਦੀ ਵਿਆਖਿਆ ਉਹਨਾਂ ਲੋਕਾਂ ਲਈ ਮੁਫਤ ਹੈ ਜੋ ਬਹਿਰੇ ਹਨ, ਜਿੰਨ੍ਹਾਂ ਨੂੰ ਸੁਣਨ ਵਿੱਚ ਮੁਸ਼ਕਲ ਹੈ ਜਾਂ ਬੋਲਣ ਸੰਹੰਧੀ ਵਿਕਾਰ ਹਨ।